# ਵੀਜ਼ਾ ਲਗਵਾਉਣ ਲਈ ਐਨ.ਓ.ਸੀ. ਲੈਣ ਸਬੰਧੀ ਦਸਤਾਵੇਜ਼

1. ਪ੍ਰਤੀਬੇਨਤੀ
2. ਸਵੈ-ਘੋਸ਼ਣਾ ਪੱਤਰ ਸਮੇਤ 01 ਫੋਟੋ
3. ਹਲਫੀਆ ਬਿਆਨ (25/- ਰੁਪਏ ਦੇ ਸਟੈਂਪ ਪੇਪਰ ਤੇ)
4. ਇਕਰਾਰਨਾਮਾ (25/- ਰੁਪਏ ਦੇ ਸਟੈਂਪ ਪੇਪਰ ਤੇ)
5. ਜਮਾਨਤ ਨਾਮਾ (25/- ਰੁਪਏ ਦੇ ਸਟੈਂਪ ਪੇਪਰ ਤੇ, ਜੇਕਰ ਬੋਰਡ ਤੋਂ ਕੋਈ ਕਰਜ਼ਾ ਲਿਆ ਹੋਵੇ) (ਜਮਾਨਤੀ ਦੇ ਨਾਂ ਦਾ ਸਟੈਂਪ ਪੇਪਰ)
6. ਪਾਸਪੋਰਟ ਦੇ ਸਾਰੇ ਪੰਨਿਆਂ ਦੀ ਕਾਪੀ (ਸਵੈ-ਤਸਦੀਕਸ਼ੁਦਾ)
7. ਦਫਤਰੀ ਸ਼ਨਾਖਤੀ ਕਾਰਡ ਦੀ ਕਾਪੀ (ਸਵੈ-ਤਸਦੀਕਸ਼ੁਦਾ)
7. ਜੇਕਰ ਕਿਸੇ ਇਸਤਰੀ ਕਰਮਚਾਰਣ ਨੇ ਐਨ.ਓ.ਸੀ. ਵਿੱਚ ਪਤੀ ਦਾ ਨਾਂ ਦਰਜ ਕਰਵਾਉਣਾ ਹੋਵੇ ਤਾਂ ਸਬੂਤ ਵਜੋਂ ਦਸਤਾਵੇਜ਼ ਨੱਥੀ ਕੀਤੇ ਜਾਣ। (ਸਵੈ-ਤਸਦੀਕਸ਼ੁਦਾ)

Visa NOC

## ਸਵੈ ਘੋਸ਼ਣਾ ਪੱਤਰ

ਮੈਂ ........................ ਪੁੱਤਰ/ ਪੁੱਤਰੀ ਸ਼੍ਰੀ.............................. ਉਮਰ...................ਸਾਲ............. ਵਾਸੀ........................................................... ਜਿਲ੍ਹਾ ................... ਪੰਜਾਬ, ਇਹ ਘੋਸ਼ਨਾ ਕਰਦਾ/ਕਰਦੀ ਹਾਂ ਕਿ ਉਪਰੋਕਤ ਅਤੇ ਨੱਥੀ ਦਸਤਾਂਵੇਜ਼ਾਂ ਵਿੱਚ ਦਿੱਤੀ ਗਈ ਸੂਚਨਾ ਮੇਰੀ ਜਾਣਕਾਰੀ ਅਤੇ ਵਿਸ਼ਵਾਸ ਅਨੁਸਾਰ ਦਰੁਸਤ ਹੈ ਅਤੇ ਇਸ ਵਿੱਚ ਕੁਝ ਵੀ ਨਹੀਂ ਛੁਪਾਇਆ ਗਿਆ। ਮੈਂ ਇਸ ਗੱਲ ਤੋਂ ਜਾਣੂ ਹਾਂ ਕਿ ਜੇਕਰ ਮੇਰੇ ਦੁਆਰਾ ਦਿੱਤੀ ਗਈ ਸੂਚਨਾ ਝੂਠੀ ਸਾਬਤ ਹੁੰਦੀ ਹੈ ਤਾਂ ਮੈਂ ਕਾਨੂੰਨ ਅਧੀਨ ਸਜ਼ਾਂ ਦਾ ਭਾਗੀਦਾਰ ਹੋਵਾਂਗਾ/ਹੋਵਾਂਗੀ ਅਤੇ ਅਜਿਹੀ ਝੂਠੀ ਸੂਚਨਾ ਦੇ ਆਧਾਰ ਤੇ ਮੈਨੂੰ ਮਿਲੇ ਲਾਭ ਸਰਸਰੀ ਤੌਰ ਤੇ (Similarly) ਖਤਮ ਹੋ ਜਾਣਗੇ।

(ਕਰਮਚਾਰੀ /ਅਧਿਕਾਰੀ ਦੇ ਹਸਤਾਖਰ)

## ਹਲਫੀਆਂ ਬਿਆਨ

ਮੈਂ ................................ ਪੁੱਤਰ / ਪੁੱਤਰੀ ਸ਼੍ਰੀ ........................ ਅਹੁੱਦਾ .................. ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ.ਨਗਰ ਨੇ ਵਿਦੇਸ਼ ਜਾਣ ਦੀ ਇੱਛਾ ਦੇ ਫਲਸਰੂਪ ~~ਨਵਾਂ ਪਾਸਪੋਰਟ ਬਣਾਉਣ/ ਰੀਨਿਊ ਕਰਵਾਉਣ~~ /ਵੀਜਾ ਲਗਾਉਣ ਲਈ ਐਨ.ਓ.ਸੀ./ਵਿਦੇਸ਼ ਛੁੱਟੀ ਲੈਣ ਲਈ ਅਰਜ਼ੀ ਦੇਣੀ ਹੈ। ਇਸ ਮਨੋਰਥ ਲਈ ਮੈਨੂੰ ਇਤਰਾਜ਼ਹੀਣਤਾ ਸਰਟੀਫਿਕੇਟ/ ਵਿਦੇਸ਼ ਛੁੱਟੀ ਦੀ ਜ਼ਰੂਰਤ ਹੈ। ਇਸ ਸਬੰਧ ਵਿੱਚ ਹਲਫੀਆ ਬਿਆਨ ਕਰਦਾ ਹਾਂ ਕਿ:-

1. ਮੇਰੇ ਵਿਰੁੱਧ ਕੋਈ ਪੁਲਿਸ ਤਫਤੀਸ਼ ਜਾਂ ਅਦਾਲਤੀ ਕੇਸ ਨਹੀਂ ਚੱਲ ਰਿਹਾ ਅਤੇ ਨਾ ਹੀ ਅਜਿਹਾ ਕੋਈ ਕੇਸ ਚਲਾਏ ਜਾਣ ਦੀ ਸੰਭਾਵਨਾ ਹੈ।
2. ਮੇਰੇ ਵਿਰੁੱਧ ਕੋਈ ਅਜਿਹੇ ਤੱਥ ਨਹੀਂ ਹਨ, ਜਿਨ੍ਹਾਂ ਦੇ ਆਧਾਰ ਤੇ ਮੰਨਿਆ ਜ ਾ ਸਕੇ ਕਿ ਮੈਂ ਸਰਕਾਰ ਦੇ ਸੁਰੱਖਿਆ ਰਿਕਾਰਡ ਦੀ ਪ੍ਰਤੀਕੂਲ ਤੌਰ ਤੇ ਆ ਸਕਦਾ ਹਾਂ।
3. ਮੈਂ ਸਰਕਾਰੀ ਨੌਕਰੀ ਦਾ ਕੋਈ ਬਾਂਡ ਨਹੀਂ ਭਰਿਆ ਹੋਇਆ ਹੈ।
4. ਮੈਂ ਵਿਦੇਸ਼ ਜਾਣ ਤੋਂ ਪਹਿਲਾਂ ਵਿਦੇਸ਼ ਜਾਣ ਲਈ ਛੁੱਟੀ ਮੰਨਜ਼ੂਰ ਕਰਵਾ ਕੇ ਜਾਵਾਂਗਾ ।
5. ਵਿਦੇਸ਼ ਜਾਣ ਦੀ ਸੂਰਤ ਵਿੱਚ ਮੈਂ ਕਿਸੇ ਪ੍ਰਕਾਰ ਦੀ ਰਾਜਨੀਤਿਕ ਗਤੀ ਵਿਧੀ ਵਿੱਚ ਹਿੱਸਾ ਨਹੀਂ ਲਵਾਂਗਾ ਅਤੇ ਭਾਰਤ ਸਰਕਾਰ / ਰਾਜ ਸਰਕਾਰ ਵਿਰੁੱਧ ਐਸੀ ਕੋਈ ਕਾਰਵਾਈ ਨਹੀਂ ਕਰਾਂਗਾ, ਜਿਸ ਦਾ ਭਾਰਤ ਸਰਕਾਰ / ਰਾਜ ਸਰਕਾਰ ਤੇ ਮਾੜਾ ਅਸਰ ਪੈਂਦਾ ਹੋਵੇ।
6. ਮੈਂ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਕਾਨ ਉਸਾਰੀ ਲਈ ਅਤੇ ਸਕੂਟਰ ਖ੍ਰੀਦਣ ਲਈ ਦਫਤਰ ਤੋਂ ਕਰਜਾ ਲਿਆ ਹੋਇਆ ਹੈ, ਜਿਸ / ਜਿਨ੍ਹਾਂ ਦੀ ਕਟੌਤੀ ਮੇਰੀ ਤਨਖਾਹ ਵਿੱਚੋਂ ਹੋ ਰਹੀ ਹੈ। ਮੈਂ ਇਹ ਵਿਵਰਣ ਦਿੰਦਾ ਹਾਂ ਕਿ ਮੈਂ ਮੌਜੂਦਾ ਕਰਜਾ ਅਤੇ ਭਵਿੱਖ ਵਿੱਚ ਜੇਕਰ ਕੋਈ ਕਰਜਾ ਲਵਾਂਗਾ ਤਾਂ ਉਸ ਦੀਅਦਾਇਗੀ ਮਿਥੀਆਂ ਸ਼ਰਤਾਂ ਅਨੁਸਾਰ ਕਰਵਾਉਣ ਦਾ ਯਕੀਨ ਦਿਵਾਉਂਦਾ ਹਾਂ। ਫਿਰ ਵੀ ਜੇਕਰ ਕਿਸੇ ਤਰ੍ਹਾਂ ਦੀ ਰਿਕਵਰੀ ਮੇਰੇ ਵਿਰੁੱਧ ਰਹਿ ਗਈ ਤਾਂ ਉਸਦੀ ਕਟੌਤੀ ਮੈਂ ਆਪਣੀ ਗਰੈਚੁਟੀ/ ਜੀ.ਪੀ.ਐਫ. ਵਿਚੋਂ ਕਰਵਾਉਣ ਲਈ ਵਾਅਦਾ ਕਰਦਾ ਹਾਂ।
7. ਉਪਰੋਕਤ ਅਨੁਸਾਰ ਮੇਰੇ ਵੱਲੋਂ ਕਾਰਵਾਈ ਨਾ ਕਰਨ / ਉਲੰਘਣਾ ਕਰਨ ਦੀ ਸੂਰਤ ਵਿੱਚ ਦਫਤਰ ਨੂੰ ਮੇਰੇ ਵਿਰੁੱਧ ਵਿਨਿਯਮਾਂ ਤਹਿਤ ਕਾਰਵਾਈ ਕਰਨ ਦਾ ਪੂਰਾ ਅਧਿਕਾਰ ਹੋਵੇਗਾ।

ਬਿਆਨ ਕਰਤਾ

ਵੈਰੀਫਿਕੇਸ਼ਨ:

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਬਿਆਨ ਸਹੀ ਅਤੇ ਦਰੁਸਤ ਹੈ ਅਤੇ ਮੇਰੇ ਵੱਲੋਂ ਕੁੱਝ ਵੀ ਛੁਪਾ ਕੇ ਨਹੀਂ ਰੱਖਿਆ ਗਿਆ।

ਬਿਆਨ ਕਰਤਾ

# ਇਕਰਾਰਨਾਮਾ

1. ਮੈਂ .............................. ਪੁੱਤਰ / ਪੁੱਤਰੀ ਸ੍ਰੀ ................. ਆਹੁੱਦਾ ......................... ਸ਼ਾਖਾ.......................... ਪੰਜਾਬ ਸਕੂਲ ਸਿੱਖਿਆ ਬੋਰਡ, ਯੋਗ ਅਧਿਕਾਰੀ ਤੋ ਛੁੱਟੀ ਮੰਨਜੂਰ ਕਰਵਾਉਣ ਉਪਰੰਤ ਵਿਦੇਸ਼ ਜਾਣ ਲਈ ਸਹਿਮਤ ਹਾਂ।
2. ਵਿਦੇਸ਼ ਜਾਣ ਤੋਂ ਪਹਿਲਾਂ ਮੈਂ ਆਪਣੀ ਪੂਰੀ ਜਿੰਮੇਵਾਰੀ (ਚਾਰਜ) ਦੂਜੇ ਮੁਲਾਜ਼ਮ ਨੂੰ ਦੇ ਕੇ ਜਾਵਾਂਗੀ/ ਜਵਾਂਗਾ।
3. ਵਿਦੇਸ਼ ਵਿੱਚ ਰਹਿੰਦਿਆਂ ਮੈਂ ਛੁੱਟੀ ਅੱਗੇ ਵਧਾਉਣ ਲਈ ਅਰਜ਼ੀ ਨਹੀਂ ਦੇਵਾਂਗੀ। ਮੰਨਜੂਰ ਹੋਈ ਛੁੱਟੀ ਖਤਮ ਹੁੰਦਿਆਂ ਹੀ ਮੈਂ ਭਾਰਤ ਆਕੇ ਆਪਣੀ ਡਿਊਟੀ ਤੇ ਹਾਜ਼ਰ ਹੋਵਾਂਗੀ/ ਹੋਵਾਗਾ।
4. ਮੇਰੇ ਵਿਰੁੱਧ ਕੋਈ ਵੀ ਵਿਭਾਗੀ ਜਾਂ ਕੋਈ ਹੋਰ ਸ਼ਿਕਾਇਤ ਜਾਂ ਪੁੱਛ-ਪੜਤਾਲ ਵਿਚਾਰ ਅਧੀਨ ਨਹੀ ਹੈ।
5. ਮੈ ਇਕਰਾਰ ਕਰਦੀ ਹਾਂ ਕਿ ਮੇਰੇ ਵੱਲ ਰਹਿੰਦਾ ਕੋਈ ਬਕਾਇਆਂ ਜਾਂ ਕੋਈ ਅਜਿਹਾ ਨੁਕਸਾਨ ਜਿਸਦੀ ਜਿੰਮੇਵਾਰੀ ਮੇਰੇ ਸਿਰ ਹੋਵੇ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਅਦਾ ਕਰਾਂਗੀ/ ਕਰਾਂਗਾ।
6. ਮੈਂ ਸਾਇਕਲ ਸਕੂਟਰ, ਪਲਾਟ ਖਰੀਦਣ ਲਈ ਜਾਂ ਘਰ ਬਣਾਉਣ ਲਈ ਜਾਂ ਘਰ ਦੀ ਮੁਰੰਮਤ ਕਰਵਾਉਣ ਲਈ ਕੋਈ ਕਰਜ਼ਾਂ ਨਹੀਂ ਲਿਆ।

   ਜਾਂ

   ਬਣਿਆ ਬਣਾਇਆ ਘਰ ਖਰੀਦਣ ਲਈ/ਪਲਾਟ ਖਰੀਦਣ/ਘਰ ਦੀ ਮੁਰੰਮਤ/ਘਰ ਬਣਾਉਣ ਲਈ...................... ਰੁਪਏ ਦਾ ਕਰਜ਼ਾ ਲਿਆ ਹੈ ਅਤੇ ਮੋਟਰ ਕਾਰ/ਸਕੂਟਰ/ਮੋਟਰ ਸਾਇਕਲ ਖਰੀਦਣ ਲਈ ....................... ਰੁਪਏ ਕਰਜ਼ਾ ਲਿਆ ਹੈ । ਕਰਜ਼ਾ ਵਾਪਿਸ ਕਰਨ ਵਿੱਚ ਕੋਈ ਕੁਤਾਹੀ ਹੋਣ ਦੀ ਸੂਰਤ ਵਿੱਚ ਜਮਾਨਤਨਾਮਾਂ ਨਾਲ ਨੱਥੀ ਕੀਤਾ ਗਿਆ ਹੈ।
7. ਮੈਨੂੰ ਨਾਂ ਤਾਂ ਕਿਸੇ ਅਦਾਲਤ ਵੱਲੋਂ ਸਜ਼ਾ ਹੋਈ ਹੈ ਅਤੇ ਨਾਂ ਹੀ ਮੇਰੇ ਵਿਰੁੱਧ ਅਦਾਲਤ ਜਾਂ ਪੁਲਿਸ ਪਾਸ ਕੋਈ ਕੇਸ ਚੱਲ ਰਿਹਾ ਹੈ।
8. ਮੈਂ ਵਿਦੇਸ਼ ਜਾ ਕੇ ਅਜਿਹੀ ਕਿਸੇ ਗਤੀਵਿਧੀ ਵਿੱਚ ਹਿੱਸਾ ਨਹੀਂ ਲਵਾਂਗੀ ਜੋ ਦੇਸ਼ ਵਿਰੋਧੀ ਹੋਵੇ ਜਾਂ ਰਾਜ ਸਰਕਾਰ ਵਿਰੁੱਧ ਹੋਵੇ।
9. ਜੇਕਰ ਮੈਂ ਮੰਨਜੂਰ ਕਰਵਾਈ ਛੁੱਟੀ ਤੋਂ ਬਾਅਦ ਮਿਥੇ ਸਮੇਂ ਅਨੁਸਾਰ ਡਿਊਟੀ ਤੇ ਹਾਜ਼ਰ ਨਹੀਂ ਹੁੰਦੀ ਤਾਂ ਮੈਨੂੰ ਬੋਰਡ ਦੀਆਂ ਸੇਵਾਵਾਂ ਤੋਂ ਬਰਤਰਫ ਕੀਤਾ ਜਾ ਸਕਦਾ ਹੈ।
10. ਮੈਂ ਇਕਰਾਰ ਕਰਦੀ/ਕਰਦਾ ਹਾਂ ਕਿ ਮੈਂ............................ ਵਿਖੇ ਵਿਦੇਸ਼ ਵਿੱਚ ਆਪਣੇ ਸਬੰਧੀਆਂ ਨੂੰ ਮਿਲਣ ਜਾਣਾ ਹੈ, ਜਿਨ੍ਹਾਂ ਦਾ ਸਿਰਨਾਵਾਂ ਇਹ ਹੈ .......................................................
    ....................................................................................................
    ....................................................................................................

ਅਧਿਕਾਰੀ/ਕਰਮਚਾਰੀ ਦੇ ਹਸਤਾਖਰ

ਉਪਰੋਕਤ ਬਿਆਨ ਸਹੀ/ਦਰੁੱਸਤ ਹੈ। ਕੋਈ ਵੀ ਤੱਥ ਛੁੱਪਾ ਕੇ ਨਹੀਂ ਰੱਖਿਆ।

ਅਧਿਕਾਰੀ/ਕਰਮਚਾਰੀ ਦੇ ਹਸਤਾਖਰ

## ਜਮਾਨਤਨਾਮਾ

ਇਸ ਜਾਮਨੀ ਦੀ ਕਾਨੂੰਨੀ ਲਿਖਤ ਇੱਕ ਪਾਸੇ ਪ੍ਰਧਾਨ, ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਦੂਜੇ ਪਾਸੇ ..............................................ਸਪੁੱਤਰ/ਸਪੁੱਤਰੀ ਸ੍ਰੀ..........................................ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ ਵਿਖੇ.....................ਸ਼ਾਖਾ ਵਿੱਚ .............................ਦੇ ਆਹੁੱਦੇ ਤੇ ਲਗਾ ਹੋਈਆ ਹੈ, ਦੇ ਵਿਚਕਾਰ ਦਿਨ.............. ਮਿਤੀ..............ਨਾਲ ਸਬੰਧਤ ਹੈ।

(ਛੁੱਟੀ ਤੇ ਜਾਣ ਵਾਲੇ ਦਾ ਨਾਂ)....ਪੁੱਤਰੀ ਸ੍ਰੀ...............................ਜੋ ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ ਦੀ............................ ਸ਼ਾਖਾ ਵਿੱਚ ......................ਦੀ ਆਸਾਮੀ ਉਤੇ ਕੰਮ ਕਰ ਰਹੀ ਹੈ, ਬੋਰਡ ਦੀ ਪੱਕੀ ਮੁਲਾਜ਼ਮ ਹੈ। ਇਹ ਵਿਦੇਸ਼ ਜਾਣ ਦੀ ਇਛੁੱਕ ਹੈ। ਇਸਨੇ ਵਿਦੇਸ਼ ਜਾਣ ਸਬੰਧੀ ਛੁੱਟੀ ਦੀ ਅਰਜ਼ੀ ਦੇਣੀ ਹੈ। ਇਸ ਕਰਮਚਾਰੀ ਵਲੋਂ ਬੋਰਡ ਤੋਂ ਲਏ ਕਰਜ਼ਿਆਂ ਆਦਿ ਸਬੰਧੀ ਮੈਂ ਹੇਠ ਲਿਖੇ ਅਨੁਸਾਰ ਹਲਫਿਆ ਬਿਆਨ ਕਰਦਾ/ਕਰਦੀ ਹਾਂ/ਜਮਾਨਤ ਦਿੰਦਾ/ਦਿੰਦੀ ਹਾਂ/ਜਿੰਮੇਵਾਰੀ ਲੈਂਦਾ/ਲੈਂਦੀ ਹਾਂ/ਗਰੰਟੀ ਦਿੰਦਾ/ਦਿੰਦੀ ਹਾਂ:-

1. ਜੇਕਰ........................ਪੁੱਤਰੀ ਸ਼੍ਰੀ ............................ ਦੀ ਵਿਦੇਸ਼ ਜਾਣ ਸਬੰਧੀ ਛੁੱਟੀ ਦੀ ਅਰਜ਼ੀ ਪ੍ਰਵਾਨ ਹੋ ਜਾਂਦੀ ਹੈ ਤਾਂ ਇਸ ਕਰਮਚਾਰੀ ਵੱਲ ਪੰਜਾਬ ਸਕੂਲ ਸਿਖਿਆ ਬੋਰਡ ਦੇ ਸਾਰੇ ਕਰਜ਼ਿਆਂ ਦੀ ਅਤੇ ਕਿਸੇ ਹੋਰ ਦੀ ਪਾਈ ਗਾਰੰਟੀ ਦੀ ਬਕਾਇਆ ਰਾਸ਼ੀ ਦਾ ਭੁਗਤਾਨ ਕਰਨ ਦੀ ਜਿੰਮੇਵਾਰੀ ਮੈਂ ਲੈਂਦਾ/ਲੈਂਦੀ ਹਾਂ।
2. ਜੇਕਰ .............................ਪੁੱਤਰੀ ਸ਼੍ਰੀ ............................ਵਿਦੇਸ਼ ਛੁੱਟੀ ਕੱਟਣ ਉਪਰੰਤ ਨਿਰਧਾਰਤ ਸਮੇਂ ਸਿਰ ਵਿਦੇਸ਼ ਤੋਂ ਵਾਪਿਸ ਨਾਂ ਆਈ ਜਾਂ ਬਾਕੀ ਕਰਜ਼ੇ ਦੀ ਰਾਸ਼ੀ ਜਮ੍ਹਾਂ ਨਹੀਂ ਕਰਵਾਉਂਦੀ ਤਾਂ ਮੈਂ ਇਹ ਰਾਸ਼ੀ ਬੋਰਡ ਦੇ ਖਾਤੇ ਵਿਚ ਜਮ੍ਹਾਂ ਕਰਵਾਉਣ ਦੀ ਗਰੰਟੀ ਦਿੰਦਾ ਹਾਂ। ਜਿਸ ਮਹੀਨੇ ਤੋਂ ਕਰਜ਼ੇ ਦੀ ਰਾਸ਼ੀ ਦੀ ਕਿਸ਼ਤ ਇਹ ਕਰਮਚਾਰੀ ਜਮ੍ਹਾਂ ਨਹੀਂ ਕਰਵਾਏਗਾ ਤਾਂ ਉਸੇ ਸਮੇਂ ਤੋਂ ਕਰਜੇ/ਕਰਜਿਆਂ ਦੀ ਕਿਸ਼ਤ ਮੇਰੀ ਤਨਖਾਹ ਵਿਚੋਂ ਬਾਕੀ ਰਹਿੰਦਾ ਕਰਜਾ ਪੂਰਾ ਹੋਣ ਤੱਕ ਕੱਟ ਲਈ ਜਾਇਆ ਕਰੇ। ਫਿਰ ਵੀ ਜੇਕਰ ਕੋਈ ਕਰਜਾ ਬਕਾਇਆ ਰਹਿ ਜਾਂਦਾ ਹੈ ਤਾਂ ਉਹ ਮੇਰੇ ਜੀ.ਪੀ.ਐਫ/ਗਰੈਚੁਟੀ ਵਿਚੋਂ ਕੱਟ ਲਿਆ ਜਾਵੇ।
3. ਜਮਾਨਤੀ ਨੂੰ ਕਿਸੇ ਪ੍ਰਕਾਰ ਦਾ ਕਿੰਤੂ ਕਰਨ ਦਾ ਕੋਈ ਹੱਕ ਨਹੀਂ ਹੋਵੇਗਾ।

----------------

ਜਮਾਨਤੀ

ਗਵਾਹੀਆਂ:-

1. ----------------------
- ----------------------
2. ----------------------

----------------------

ਸਕੱਤਰ,
ਵਾ:ਪ੍ਰਧਾਨ,ਪੰਜਾਬ ਸਕੂਲ ਸਿਖਿਆ ਬੋਰਡ।
ਸਾਹਿਬਜ਼ਾਦਾ ਅਜੀਤ ਸਿੰਘ ਨਗਰ,ਮੋਹਾਲੀ।